ਡਿਜੀਟਲ ਦੋਮਾਹੀ ਪੱਤਰ ਅੰਕ: 3, ਨੰ: 5 (ਸਤੰਬਰ- ਅਕਤੂਬਰ, 2023)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE'

Vol. 3 No. 5 (September - October, 2023)

ਸੰਪਾਦਕੀ ਬੋਰਡ

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com


**ਯੂਟਿਊਬ ਚੈਨਲ**

SCAN

## 'ਪਸ਼ੂਆਂ ਦੀ ਤੰਦਰੁਸਤੀ-ਪੈਦਾਵਾਰ ਦਾ ਖਜ਼ਾਨਾ'

ਪਸ਼ੂ ਪਾਲਕ ਵੀਰੋ ਅਤੇ ਭੈਣੋਂ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦਾ ਸਤੰਬਰ ਮਹੀਨੇ ਦਾ ਪਸ਼ੂ ਪਾਲਣ ਮੇਲਾ ਇਸ ਸਾਲ 14- 15 ਸਤੰਬਰ ਨੂੰ ਲੁਧਿਆਣਾ ਵਿਖੇ ਲਗਾਇਆ ਜਾ ਰਿਹਾ ਹੈ। ਅਸੀਂ ਆਸ ਕਰਦੇ ਹਾਂ ਕਿ ਤੁਸੀਂ ਆਪਣੇ ਪਰਿਵਾਰ ਸਹਿਤ ਮੇਲੇ ਦੀ ਰੌਣਕ ਵਧਾਉਂਗੇ।



ਮੇਲੇ ਵਿੱਚ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਗਏ ਸੁਧਰੀਆਂ ਨਸਲਾਂ ਦੇ ਪਸ਼ੂਆਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ ਅਤੇ ਵਿਗਿਆਨੀ ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਮੇਲੇ ਵਿੱਚ ਸ਼ਾਮਿਲ ਹੋਣਗੇ। ਇਸ ਦੇ ਨਾਲ ਹੀ ਪਸ਼ੂ ਪਾਲਕਾਂ ਨੂੰ ਇਸ ਸਾਲ ਦੇ ਮੁੱਖ ਮੰਤਰੀ ਪੁਰਸਕਾਰ ਜੇਤੂਆਂ ਨਾਲ ਮਿਲਣ ਦਾ ਮੌਕਾ ਵੀ ਮਿਲੇਗਾ।

ਸਾਥੀਓ, ਸਤੰਬਰ- ਅਕਤੂਬਰ ਵਿੱਚ ਪਸ਼ੂ ਪਾਲਣ ਵਿੱਚ ਕਈ ਤਬਦੀਲੀਆਂ ਆਉਂਦੀਆਂ ਹਨ ਜਿਵੇਂ ਕਿ ਪਸ਼ੂਆਂ ਦੀ ਖੁਰਾਕ ਚਾਰਿਆਂ ਦੇ ਬਦਲਾਅ ਕਾਰਨ ਪ੍ਰਭਾਵਿਤ ਹੁੰਦੀ ਹੈ ਅਤੇ ਕਈ ਬਿਮਾਰੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸਰਦੀਆਂ ਦੇ ਮਹੀਨੇ ਜ਼ਿਆਦਾ ਹੁੰਦੀਆਂ ਹਨ। ਪਸ਼ੂਆਂ ਨੂੰ ਨਵੇਂ ਦੁੱਧ ਕਰਵਾਉਣ ਤੋਂ ਪਹਿਲਾਂ ਇਹਨਾਂ ਦੇ ਗੋਹੇ ਦੀ ਜਾਂਚ ਕਰਵਾ ਕੇ ਲੋੜ ਅਨੁਸਾਰ ਕਿਰਮ ਰਹਿਤ ਕਰੋ। ਇਹ ਵੀ ਯਕੀਨੀ ਬਣਾਉ ਕਿ ਟੀਕਾ ਭਰਵਾਉਣ ਤੋਂ 60 ਦਿਨ ਪਹਿਲਾਂ ਪਸ਼ੂ ਦਾ ਦੁੱਧ ਸੁਕਾਇਆ ਗਿਆ ਹੋਵੇ। ਮਾਹਿਰ ਡਾਕਟਰ ਤੋਂ ਲੇਵੇ ਦੀ ਜਾਂਚ ਕਰਵਾ ਲਉ ਤਾਂ ਕਿ ਆਉਣ ਵਾਲੇ ਸੂਏ ਵਿੱਚ ਦੁੱਧ ਦੀ ਪੈਦਾਵਾਰ ਪੂਰੀ ਹੋਵੇ। ਲੋੜ ਹੋਵੇ ਤਾਂ ਲੇਵੇ ਦੀ ਸਿਹਤ ਲਈ ਦਵਾਈ ਦਿਉ।

(ਸੰਪਾਦਕ)


ਜੀ ਆਇਆਂ ਨੂੰ
ਪਸ਼ੂ ਪਾਲਣ ਮੇਲਾ
14-15 ਸਤੰਬਰ, 2023
ਲੁਧਿਆਣਾ
62832-97919
GURU ANGAD DEV VETERINARY AND ANIMAL SCIENCES UNIVERSITY
2005
KNOWLEDGE FOR SERVICE
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ

## ਪਸ਼ੂ ਪਾਲਣ ਵਿੱਚ ਪਰਸਿਜ਼ਨ ਫ਼ਾਰਮਿੰਗ ਵਿਸ਼ੇ 'ਤੇ ਕਾਰਜਸ਼ਾਲਾ

ਖੇਤੀਬਾੜੀ ਤਕਨਾਲੋਜੀ ਵਰਤੋਂ ਖੋਜ ਸੰਸਥਾ (ਅਟਾਰੀ) ਅਤੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਪਸ਼ੂ ਪਾਲਣ ਕਿੱਤਿਆਂ ਵਿੱਚ ਪਰਸਿਜ਼ਨ ਫ਼ਾਰਮਿੰਗ ਸਬੰਧੀ ਕਾਰਜਸ਼ਾਲਾ ਕਰਵਾਈ ਗਈ। ਇਹ ਕਾਰਜਸ਼ਾਲਾ ਵਿਸ਼ੇਸ਼ ਰੂਪ ਵਿਚ ਕ੍ਰਿਸ਼ੀ ਵਿਗਿਆਨ ਕੇਂਦਰਾਂ ਦੇ ਵਿਗਿਆਨੀਆਂ ਨੂੰ ਪਸ਼ੂ ਪਾਲਣ ਕਿੱਤਿਆਂ ਵਿਚ ਖੋਜ ਅਤੇ ਪਸਾਰ ਨੁਕਤਿਆਂ ਸੰਬੰਧੀ ਜਾਣਕਾਰੀ ਦੇਣ ਲਈ ਰੱਖੀ ਗਈ ਸੀ। ਕਾਰਜਸ਼ਾਲਾ ਵਿੱਚ ਜਲਵਾਯੂ ਅਨੁਕੂਲ ਪਸ਼ੂ ਪਾਲਣ, ਫਸਲਾਂ ਦੀ ਰਹਿੰਦ-ਖੂੰਹਦ ਦੀ ਢੁੱਕਵੀਂ ਵਰਤੋਂ, ਪ੍ਰਜਨਣ ਪ੍ਰਬੰਧਨ ਅਤੇ ਵਾਤਾਵਰਣ-ਅਨੁਕੂਲ ਅਭਿਆਸਾਂ ਨੂੰ ਉਤਸਾਹਿਤ ਕਰਨ ਵਾਲੇ ਵਿਸ਼ਿਆਂ ਬਾਰੇ ਚਰਚਾ ਕੀਤੀ ਗਈ। ਵੈਟਨਰੀ ਯੂਨੀਵਰਸਿਟੀ ਦੇ ਪਸ਼ੂਧਨ ਫਾਰਮਾਂ ਵਿਖੇ ਸੁਚੱਜੇ ਅਤੇ ਯਥਾਰਥਕ ਪਸ਼ੂ ਪਾਲਣ ਬਾਰੇ ਜਾਗਰੂਕ ਕਰਨ ਲਈ ਫਾਰਮਾਂ ਦਾ ਦੌਰਾ ਵੀ ਕਰਵਾਇਆ ਗਿਆ।






## ਯੂਨੀਵਰਸਿਟੀ ਵਿਖੇ ਡੇਅਰੀ  ਵਿੱਚ ਪਰਾਲੀ ਦੀ ਵਰਤੋਂ ਸਬੰਧੀ ਚਰਚਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਵੱਲੋਂ ਡੇਅਰੀ ਵਿਕਾਸ ਵਿਭਾਗ, ਪੰਜਾਬ ਦੇ ਅਧਿਕਾਰੀਆਂ ਲਈ ਡੇਅਰੀ ਵਿੱਚ ਪਰਾਲੀ ਦੀ ਵਰਤੋਂ ਸਬੰਧੀ ਇੱਕ ਕਾਰਹਸ਼ਾਲਾ ਕਰਵਾਈ ਗਈ। ਕਾਰਜਸ਼ਾਲਾ ਬਾਰੇ ਹੋਰ ਜਾਣਕਾਰੀ ਦਿੰਦੀ ਹੋਏ ਨਿਰਦੇਸ਼ਕ ਪਸਾਰ ਸਿੱਖਿਆ, ਡਾ. ਪਰਕਾਸ਼ ਸਿੰਘ ਬਰਾੜ ਨੇ ਦੱਸਿਆ ਕਿ ਯੂਨੀਵਰਸਿਟੀ ਵੱਲੋਂ ਪਰਾਲੀ ਦੀ ਵਰਤੋਂ ਸਬੰਧੀ ਆਪਣੇ ਪਸਾਰ ਕੇਂਦਰਾਂ ਰਾਹੀਂ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਕਾਰਜਸ਼ਾਲਾ ਦੌਰਾਨ ਪਸ਼ੂ ਅਹਾਰ ਦੇ ਮਾਹਿਰਾਂ ਵੱਲੋਂ ਪਰਾਲੀ ਦੀ ਵਰਤੋਂ ਲਈ ਅਲੱਗ- ਅਲੱਗ ਤਕਨੀਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਮਾਣਯੋਗ ਉਪ-ਕੁਲਪਤੀ ਡਾ. ਇੰਦਰਜੀਤ ਸਿੰਘ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਉਪਰਾਲੇ ਕੀਤੇ ਜਾ ਰਹੇ ਹਨ।





## ਬੱਕਰੀਆਂ ਵਾਲੇ ਸਦਾ ਸੁਖਾਲੇ




- ਮਨੁੱਖਾਂ ਦੁਆਰਾ ਪਾਲੇ ਜਾਣ ਵਾਲੇ ਪਹਿਲੇ ਪਸ਼ੂਆਂ ਵਿੱਚ ਬੱਕਰੀਆਂ ਆਉਂਦੀਆ ਹਨ।ਬੱਕਰੀਆਂ ਅਤੇ ਮਨੁੱਖ ਦਾ ਸਹਿਯੋਗੀ ਰਿਸ਼ਤਾ 10000 ਸਾਲ ਤੋ ਵੀ ਪੁਰਾਣਾ ਹੈ।ਬੱਕਰੀ ਪਾਲਣ ਇੱਕ ਸਦਾਬਹਾਰ ਕਿੱਤਾ ਰਿਹਾ ਹੈ, ਕਿਉਂਕਿ ਲੰਮੇ ਸਮੇਂ ਤੋ ਹੀ ਕਿਸਾਨਾਂ ਦੀ ਆਰਥਿਕ ਤੇ ਖੁਰਾਕੀ ਲੋੜਾਂ ਬੱਕਰੀ ਪਾਲਣ ਰਾਹੀ ਪੂਰੀਆ ਹੁੰਦੀਆਂ ਰਹੀਆਂ ਹਨ ।
- 20ਵੀ ਰਾਸ਼ਟਰੀ ਪਸ਼ੂ ਗਣਨਾ ਮੁਤਾਬਕ ਪੂਰੇ ਦੇਸ਼ ਅਤੇ ਪੰਜਾਬ ਸੂਬੇ ਵਿੱਚ ਬੱਕਰੀਆ ਦੀ ਗਿਣਤੀ ਵਿੱਚ ਪਿਛਲੀ (19ਵੀ) ਪਸ਼ੂ ਗਣਨਾ ਦੇ ਮੁਕਾਬਲੇ ਵਾਧਾ ਹੋਇਆ ਹੈ ।
- ਕਿਸਾਨਾਂ ਦੀ ਬੱਕਰੀ ਪਾਲਣ ਵਿੱਚ ਦਿਲਚਸਪੀ ਵੱਧੀ ਹੈ। ਪੰਜਾਬ ਰਾਜ ਦੇ ਬਠਿੰਡਾ, ਫਾਜਿਲਕਾ, ਮੁਕਤਸਰ, ਸੰਗਰੂਰ ਅਤੇ ਲੁਧਿਆਣਾ ਜਿਲ੍ਹਿਆਂ ਵਿੱਚ ਬੱਕਰੀਆ ਦੀ ਗਿਣਤੀ ਵੱਧ ਹੈ ।
- ਸਰੀਰਕ ਅਕਾਰ ਵਿੱਚ ਛੋਟਾ ਪਸ਼ੂ ਹੋਣ ਕਰਕੇ ਬੱਕਰੀ ਪਾਲਣ ਵਿੱਚ ਸ਼ੁਰੂਆਤੀ ਖਰਚਾ ਘੱਟ ਆਓਂਦਾ ਹੈ ਅਤੇ ਰੱਖ ਰਖਾਅ ਵੀ ਆਸਾਨ ਹੁੰਦਾ ਹੈ। ਬੱਚੇ ਅਤੇ ਔਰਤਾਂ ਬੱਕਰੀ ਨੂੰ ਅਸਾਨੀ ਨਾਲ ਕਾਬੂ ਕਰ ਸਕਦੇ ਹਨ।
- ਬੱਕਰੀ ਨੂੰ ਦੁੱਧ ਅਤੇ ਮੀਟ ਦੋਨਾ ਲਈ ਪਾਲਿਆ ਜਾ ਸਕਦਾ ਹੈ।
- ਬੱਕਰੀ ਦੇ ਦੁੱਧ ਵਿੱਚ ਗਾਂ ਦੇ ਦੁੱਧ ਦੇ ਮੁਕਾਬਲੇ ਵੱਧ ਕੈਲਸ਼ੀਅਮ, ਫਾਸਫੋਰਸ, ਮੈਗਨੀਸ਼ਅਮ, ਪੋਟਾਸ਼ਿਅਮ, ਕਲੋਰੀਨ ਅਤੇ ਜ਼ਿੰਕ ਹੁੰਦਾ ਹੈ । ਬੱਕਰੀ ਦੇ ਦੁੱਧ ਤੋ ਕਈ ਤਰ੍ਹਾਂ ਦੇ ਉਤਪਾਦ ਜਿਵੇਂ ਕਿ ਦਹੀ, ਘਿਉ, ਫਲੇਵਰਡ ਮਿਲਕ ਅਤੇ ਪਨੀਰ ਬਣਾ ਕੇ ਵੱਧ ਮੁਨਾਫਾ ਕਮਾਇਆ ਜਾ ਸਕਦਾ ਹੈ ।
- ਬੱਕਰੀ ਦੇ ਮੀਟ (ਸ਼ੀਵਾਨ) ਦੀ ਮੰਗ ਬਾਜਾਰ ਵਿੱਚ ਲਗਾਤਾਰ ਬਣੀ ਰਹਿੰਦੀ ਹੈ।ਬੱਕਰੀ ਦੇ ਮੀਟ ਤੋ ਕਈ ਤਰ੍ਹਾਂ ਦੇ ਉਤਪਾਦ ਜਿਵੇਂ ਕਿ ਮੀਟ ਵੜੀ, ਮੀਟ ਬਿਸਕੁੱਟ, ਮੀਟ ਨੂਡਲਜ ਅਤੇ ਮੀਟ ਕੁਰਕੁਰੇ ਆਦਿ ਬਣਾ ਕੇ ਆਮਦਨ ਨੂੰ ਵਧਾਇਆ ਜਾ ਸਕਦਾ ਹੈ।
- ਬੱਕਰੀ ਪਾਲਣ ਸੰਬਧੀ ਸਿਖਲਾਈ ਕੋਰਸ ਕਰਨ ਲਈ ਜਾਂ ਹੋਰ ਵੱਧ ਜਾਣਕਾਰੀ ਲੈਣ ਲਈ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ ਯੂਨੀਵਰਿਸਟੀ, ਲੁਧਿਆਣਾ ਦੇ ਕਿਸਾਨ ਸੂਚਨਾ ਕੇਂਦਰ ਨਾਲ ਸੰਪਰਕ ਕਰੋ। ਕਿਸਾਨ ਵੀਰ ਵੈਟਨਰੀ ਯੂਨੀਵਰਸਟੀ ਦੇ ਪਸ਼ੂ ਪਾਲਕ ਟੈਲੀ ਐਡਵਾਇਜਰੀ ਕੇਂਦਰ ਨਾਲ 62832-97919 ਜਾਂ 62832-58834 ਨੰਬਰ ਤੇ ਵੀ ਸੰਪਰਕ ਕਰ ਸਕਦੇ ਹਨ।

(ਡਾ. ਰਾਜੇਸ਼ ਕਸਰੀਜਾ ਅਤੇ ਮੁਸਕਾਨ)

## ਘਰ ਦੇ ਪਿਛਵਾੜੇ ਵਿੱਚ ਮੁਰਗੀ ਪਾਲਣ – ਆਮਦਨ ਦਾ ਵਧੀਆ ਸਾਧਨ

ਪੁਰਾਤਨ ਸਮੇਂ ਤੋਂ ਪੋਲਟਰੀ ਫਾਰਮਿੰਗ ਕਾਰੋਬਾਰ ਤੇਜ਼ੀ ਨਾਲ ਵਿਕਾਸ ਕਰਨ ਵਾਲਾ ਕਾਰੋਬਾਰ ਮੰਨਿਆ ਜਾਂਦਾ ਹੈ। ਛੋਟੇ ਕਿਸਾਨਾ ਲਈ ਘਰ ਦੇ ਪਿਛਵਾੜੇ ਵਿੱਚ ਮੁਰਗੀ ਪਾਲਣ ਇਕ ਘੱਟ ਲਾਗਤ ਵਾਲਾ ਸਹਾਇਕ ਧੰਦਾ ਤੇ ਵੱਧ ਕਮਾਈ ਵਾਲਾ ਸਾਧਨ ਹੈ। ਇਸ ਸੁਖਾਲੇ ਧੰਦੇ ਨੂੰ ਬੱਚੇ, ਔਰਤਾਂ ਅਤੇ ਘਰ ਦੇ ਬਜ਼ੁਰਗ ਵੀ ਆਸਾਨੀ ਨਾਲ ਅਪਣਾ ਸਕਦੇ ਹਨ। ਇਸ ਕਿੱਤੇ ਨੂੰ ਸ਼ੁਰੂ ਕਰਨ ਲਈ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਦੁਆਰਾ ਦਿੱਤੀ ਜਾਣ ਵਾਲੀ ਸੁਖਾਲ਼ੀ ਟ੍ਰੇਨਿੰਗ ਤੋਂ ਲਾਭ ਉਠਾਇਆ ਜਾ ਸਕਦਾ ਹੈ।



### ਘਰ ਦੇ ਪਿਛਵਾੜੇ ਵਿੱਚ ਮੁਰਗੀ ਪਾਲਣ ਦੇ ਲਾਭ–

1. ਸੀਮਾਂਤ/ ਛੋਟੇ ਕਿਸਾਨਾਂ ਲਈ ਰੋਜ਼ਗਾਰ ਦਾ ਸਾਧਨ।
2. ਇਸ ਕਿੱਤੇ ਨੂੰ ਕਿਸਾਨ ਹੋਰ ਕੰਮਾ ਦੇ ਨਾਲ – ਨਾਲ ਵਾਧੂ ਕਮਾਈ ਵਜੋਂ ਵੀ ਕਰ ਸਕਦੇ ਹਨ।
3. ਮੁਰਗੀਆਂ ਦੀਆਂ ਬਿੱਠਾਂ ਦਨਾਲ ਮਿੱਟੀ ਦੀ ਪ੍ਰਜਨਣ ਸ਼ਕਤੀ ਵਿੱਚ ਬਹੁਤ ਵਾਧਾ ਹੁੰਦਾ ਹੈ।
4. ਸਥਾਨਕ ਬਜ਼ਾਰਾਂ ਵਿੱਚ ਦੇਸੀ ਮੁਰਗੀਆਂ ਦੇ ਉਤਪਾਦਾਂ ਦੀ ਕੀਮਤ ਜ਼ਿਆਦਾ ਪ੍ਰਾਪਤ ਹੁੰਦੀ ਹੈ।
5. ਆਂਡੇ ਤੇ ਮੀਟ ਪ੍ਰੋਟੀਨ ਪ੍ਰਾਪਤੀ ਦੇ ਵਧੀਆ ਸਰੋਤ ਹਨ।
6. ਇਸ ਕਿੱਤੇ ਦੀ ਸ਼ੁਰੂਆਤ 2-5 ਮੁਰਗੀਆਂ ਤੋਂ ਕੀਤੀ ਜਾ ਸਕਦੀ ਹੈ।
7. ਰਸੋਈ ਦੀ ਰਹਿੰਦ-ਖੂੰਹਦ ਅਤੇ ਖੇਤੀਬਾੜੀ ਉੱਪ-ਉਤਪਾਦ ਨੂੰ ਖੁਰਾਕ ਵਜੋਂ ਵਰਤਿਆ ਜਾ ਸਕਦਾ ਹੈ।
8. ਪੋਲਟਰੀ ਅਤੇ ਆਂਡੇ ਨੂੰ ਕਿਸੇ ਸਮੇਂ ਵੀ ਵੇਚ ਕੇ ਤੁਰੰਤ ਧਨ ਰਾਸ਼ੀ ਕਮਾਈ ਜਾ ਸਕਦੀ ਹੈ।
9. ਪੰਛੀਆਂ ਨੂੰ ਕੁਦਰਤੀ ਖੁਰਾਕਾਂ ਨਾਲ ਪਾਲ ਕੇ ਜੈਵਿਕ ਮੀਟ ਅਤੇ ਆਂਡੇ ਪ੍ਰਾਪਤ ਕੀਤੇ ਜਾ ਸਕਦੇ ਹਨ।
10. ਬੇ-ਰੁਜ਼ਗਾਰ ਵਰਗ ਲਈ ਇਹ ਧੰਦਾ ਰੁਜ਼ਗਾਰ ਪ੍ਰਾਪਤੀ ਦਾ ਵਧੀਆ ਸਾਧਨ ਹੈ।

(ਡਾ. ਰਾਜੇਸ਼ ਕਸਰੀਜਾ ਅਤੇ ਕਿਰਨਜੋਤ ਕੌਰ)

## ਮੱਛੀ ਪਾਲਣ – ਜਲਵਾਯੂ ਅਤੇ ਆਫ਼ਤ ਅਨੁਕੂਲਤਾ ਲਈ ਜ਼ਰੂਰੀ ਹੈ ਵਿਭਿੰਨਤਾ




- ਸੰਸਾਰ ਭਰ ਵਿੱਚ ਕੁੱਲ 652 ਜਲ ਜੀਵਾਂ ਦੀ ਖੇਤੀ ਦਾ ਰਿਕਾਰਡ ਹੈ, ਜਿਸ ਵਿੱਚ 494 ਵਰਗੀਕ੍ਰਿਤ ਜਲ ਜੀਵ ਅਤੇ 158 ਅਜਿਹੇ ਜਲ ਜੀਵ ਸ਼ਾਮਿਲ ਹਨ ਜੋ ਪੂਰੀ ਤਰ੍ਹਾਂ ਵਿਗਿਆਨਕ ਤੌਰ'ਤੇ ਵਰਗੀਕ੍ਰਿਤ ਨਹੀ ਹਨ।
- 494 ਵਰਗੀਕ੍ਰਿਤ ਜਲ ਜੀਵਾਂ ਵਿੱਚ 313 ਮੱਛੀ, 88 ਮੋਲਸਕਸ (ਸੀਪ/ਮੱਸਲਸ, ਆਕਟੋਪਸ, ਔਈਸਟਰ, ਆਦਿ) ਅਤੇ 49 ਕ੍ਰਸਟੇਸ਼ੀਅਨ (ਝੀਂਗੇ, ਕੇਕੜੇ ਆਦਿ) ਸ਼੍ਰੇਣੀ ਦੀਆਂ ਕਿਸਮਾਂ ਸ਼ਾਮਲ ਹਨ।
- ਸੰਸਾਰ ਵਿੱਚ ਜਲ ਖੇਤੀ ਰਾਹੀ ਪੈਦਾ ਕੀਤੇ ਜਾ ਰਹੇ ਵਰਗੀਕ੍ਰਿਤ ਜਲ ਜੀਵਾਂ ਦੀ ਗਿਣਤੀ 1980 ਵਿੱਚ 114 ਸੀ, ਜੋ ਸਨ 2000 ਵਿੱਚ ਵੱਧ ਕੇ 238, 2017 ਵਿੱਚ 332 ਅਤੇ ਅੱਜ 494 ਹੋ ਗਈ ਹੈ। ਇਸੇ ਕ੍ਰਮ ਵਿੱਚ ਮੱਛੀ ਕਿਸਮਾਂ ਦੀ ਗਿਣਤੀ 64 ਤੋਂ ਵੱਧ ਕੇ 146, 212 ਅਤੇ 313 ਹੋ ਗਈ ਹੈ, ਜਿਸ ਵਿੱਚ ਮਿੱਠੇ, ਖਾਰੇ ਅਤੇ ਸਮੁੰਦਰੀ ਪਾਣੀ ਵਿੱਚ ਪਾਲਣ ਯੋਗ ਮੱਛੀਆਂ ਸ਼ਾਮਲ ਹਨ।
- ਮੁੱਖ ਭੋਜਨ ਉਤਪਾਦਨ ਸਿਸਟਮਾਂ ਵਿੱਚ ਜਲ-ਖੇਤੀ (Aquaculture) ਖੇਤਰ ਦੀ ਵਿਭਿੰਨਤਾ ਦਰ ਸਭ ਤੋਂ ਵੱਧ ਹੈ। ਇਸ ਦੇ ਮੁਕਾਬਲੇ, ਵਿਸ਼ਵ ਪਧੱਰ ਤੇ ਖੇਤੀਬਾੜੀ ਵਿੱਚ ਤਕਰੀਬਨ 160 ਕਿਸਮ ਦੀਆਂ ਫਸਲਾਂ ਦੀ ਖੇਤੀ ਕੀਤੀ ਜਾਂਦੀ ਹੈ।
- ਵਿਸ਼ਵ ਦੇ ਕੁੱਲ ਜਲ-ਜੀਵ ਉਤਪਾਦਨ ਦਾ 70% ਹਿੱਸਾ 20 ਜਲ-ਜੀਵ ਕਿਸਮਾਂ ਦੀ ਖੇਤੀ ਤੋਂ ਆਉਂਦਾ ਹੈ ਅਤੇ ਜੇਕਰ ਖੇਤੀਬਾੜੀ ਉਤਪਾਦਨ ਦੀ ਗੱਲ ਕਰੀਏ ਤਾਂ ਸਿਰਫ 5 ਫਸਲਾਂ (ਕਣਕ, ਝੋਨਾ, ਮੱਕੀ, ਗੰਨਾ ਅਤੇ ਆਲੂ) ਦੀ 50% ਤੋਂ ਵੱਧ ਹਿੱਸੇਦਾਰੀ ਹੈ।
- ਮੱਛੀ ਪਾਲਣ ਖੇਤਰ ਦੀ ਲੰਬੀ ਮਿਆਦੀ ਕਾਰਗੁਜ਼ਾਰੀ ਅਤੇ ਵਿਹਾਰਕਤਾ ਲਈ ਵਿਭਿੰਨਤਾ ਬਹੁਤ ਜ਼ਰੂਰੀ ਹੈ, ਖਾਸ ਕਰ ਕੇ ਬਦਲਦੇ ਹਾਲਾਤਾਂ ਵਿੱਚ ਕਾਇਮ ਰਹਿਣ ਲਈ – ਜਿਵੇਂਕਿ ਬੱਚ ਸਪਲਾਈ, ਖੁਰਾਕ ਉਪਲਬਧਤਾ, ਰਾਸ਼ਟਰੀ/ਅੰਤਰਰਾਸ਼ਟਰੀ ਬਜ਼ਾਰ ਮੰਗ, ਉਤਪਾਦਨ, ਬਿਮਾਰੀ, ਜਲਵਾਯੂ ਤਬਦੀਲੀ ਆਦਿ।
- ਭਾਰਤ ਵਿੱਚ ਮੁੱਖ ਤੌਰ'ਤੇ 20 ਤੋਂ ਵੱਧ ਕਿਸਮ ਦੀਆਂ ਮੱਛੀਆਂ ਮਿੱਠੇ ਪਾਣੀ ਵਿੱਚ ਪਾਲੀਆਂ (ਭੋਜਨ ਲਈ) ਜਾਂਦੀਆਂ ਹਨ ਅਤੇ ਇਸ ਦੀ ਪੰਜਾਬ ਵਿੱਚ ਗਿਣਤੀ 12 ਦੇ ਕਰੀਬ ਹੈ ।
- ਸੀਮਿਤ ਕਿਸਮਾਂ ਤੇ ਨਿਰਭਰਤਾ, ਕਿਸੇ ਵੀ ਭੋਜਨ ਪ੍ਰਣਾਲੀ ਲਈ ਵਿਆਪਕ ਅਨੁਕੂਲਤਾ ਪੱਖੋਂ ਟਿਕਾਊ ਨੀਤੀ ਨਹੀ ਹੈ।ਆਓ, ਜਾਣੀਏ ਵਿਭਿੰਨਤਾ (ਵੱਧ ਕਿਸਮਾਂ) ਮੱਛੀ ਉਤਪਾਦਨ ਪ੍ਰਣਾਲੀ ਦੀ ਸਮਾਜਿਕ-ਆਰਥਿਕ ਸਥਿਰਤਾ ਵਿੱਚ ਕਿਵੇਂ ਮਦਦ ਕਰਦੀ ਹੈ।
    - ਇੱਕੋ ਕਿਸਮ ਦੇ ਬੀਜ ਮੰਗ ਅਤੇ ਉਤਪਾਦਨ ਦਬਾਅ ਤੋਂ ਰਾਹਤ
    - ਉਤਪਾਦਨ ਅਸਫਲਤਾ ਦੀ ਘੱਟ ਸੰਭਾਵਨਾ ਅਤੇ ਘੱਟ ਅਸਰ
    - ਅਣਕਿਆਸੇ ਜਲਵਾਯੂ ਪਰਿਵਰਤਨ ਪ੍ਰਤੀ ਬਿਹਤਰ ਅਨੁਕੂਲਤਾ
    - ਬਿਮਾਰੀ ਦੀ ਮਾਰ/ਮਹਾਂਮਾਰੀ ਤੋਂ ਬੱਚਣ ਦੀ ਵੱਧ ਸੰਭਾਵਨਾ
    - ਖਪਤਕਾਰ ਦੀ ਪਸੰਦ ਅਨੁਸਾਰ ਵੱਧ ਵਿਕਲਪਾਂ ਦੀ ਉਪਲਬਧਤਾ ਅਤੇ ਮੱਛੀ ਖਪਤ ਦਰ ਵਿੱਚ ਵਾਧਾ
    - ਮੰਡੀ ਵਿੱਚ ਹਰ ਮੱਛੀ ਦੀ ਢੁਕਵੀਂ ਕੀਮਤ ਮਿਲਣ ਦੀ ਵੱਧ ਸੰਭਾਵਨਾ
    - ਮੰਗ-ਸਪਲਾਈ ਲੜੀ ਅਸੰਤੁਲਨ ਕਰ ਕੇ ਮੰਡੀਕਰਨ ਸੰਬੰਧੀ ਸੱਮਸਿਆਵਾਂ/ਆਰਥਿਕ ਨੁਕਸਾਨ ਤੋਂ ਬੱਚਣ ਦੀ ਵੱਧ ਗੁੰਜਾਇਸ਼

## ਮੱਛੀ ਪਾਲਣ – ਜਲਵਾਯੂ ਅਤੇ ਆਫ਼ਤ ਅਨੁਕੂਲਤਾ ਲਈ ਜ਼ਰੂਰੀ ਹੈ ਵਿਭਿੰਨਤਾ

ਜਲ-ਖੇਤੀ ਵਿਭਿੰਨਤਾ ਵਿੱਚ ਵਿਸ਼ਵ ਦੇ ਸਿਖਰ ਤੇ 10 ਦੇਸ਼ਾ'ਚ 9 ਏਸ਼ੀਆਈ ਦੇਸ਼ ਹਨ, ਜਿਸ ਵਿੱਚ ਚੀਨ ਜਲ-ਖੇਤੀ ਸਭ ਤੋਂ ਵੱਧ ਵਿਭਿੰਨ (ਕਿਸਮਾਂ ਦੀ ਗਿਣਤੀ ਸਭ ਤੋਂ ਵੱਧ) ਹੈ ਅਤੇ ਵਿਸ਼ਵ ਦਾ ਸਭ ਤੋਂ ਵੱਧ ਮੱਛੀ ਉਤਪਾਦਨ ਕਰਨ ਵਾਲਾ ਦੇਸ਼ ਵੀ ਹੈ। ਜਲ-ਜੀਵ ਖੇਤੀ ਦੇ ਲੰਬੇ ਇਤਿਹਾਸ; ਜਲ ਸਰੋਤਾਂ ਅਤੇ ਦੇਸੀ ਜਲ-ਜੀਵ ਕਿਸਮਾਂ ਦੀ ਕੁਦਰਤੀ ਭਰਪੂਰਤਾ; ਅਤੇ ਚੀਨੀ ਸਰਕਾਰ ਦੇ ਉਤਸ਼ਾਹਜਨਕ ਭੂਮਿਕਾ ਕਰ ਕੇ ਹੀ ਇਹ ਸੰਭਵ ਹੋਇਆ ਹੈ।ਨਵੀਆਂ ਪਾਲਣ ਯੋਗ ਦੇਸੀ ਅਤੇ ਵਿਦੇਸ਼ੀ ਕਿਸਮਾਂ ਰਾਹੀ ਜਲ-ਖੇਤੀ ਵਿਭਿੰਨਤਾ ਸੰਭਵ ਹੈ। ਪਰ ਇਸ ਲਈ ਦੇਸੀ ਕਿਸਮਾਂ ਨੂੰ ਵਿਦੇਸ਼ੀ ਕਿਸਮਾਂ ਦੇ ਮੁਕਾਬਲੇ ਤਰਜੀਹ ਦੇਣੀ ਜਰੂਰੀ ਹੈ, ਤਾਂ ਜੋ ਵਿਦੇਸ਼ੀ ਕਿਸਮਾਂ ਨਾਲ ਜੁੜੇ ਵਾਤਾਵਰਣਕ ਪ੍ਰਭਾਵਾਂ (ਜਿਹਨਾਂ ਨੂੰ ਮੁੜ ਬਦਲਿਆ ਜਾਂ ਘਟਾਇਆ ਨਹੀ ਜਾ ਸਕਦਾ) ਤੋਂ ਬਚ ਸਕੀਏ। ਥਾਈ ਮਗੂਰ ਅਤੇ ਟਿਲਾਪਿਆ ਵਰਗੀਆਂ ਵਿਦੇਸ਼ੀ ਮੱਛੀਆਂ ਨਾਲ ਜੁੜੇ ਵਾਤਾਵਰਣਕ ਖ਼ਤਰੇ ਅਸੀਂ ਸਾਰੇ ਜਾਣਦੇ ਹੀ ਹਾਂ, ਜਿਹਨਾਂ ਦੀ ਖੇਤੀ ਨਾਲ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਦੇਸੀ ਕਿਸਮਾਂ ਪ੍ਰਭਾਵਿਤ ਹੋ ਰਹੀਆਂ ਹਨ। ਇਸ ਲਈ ਜੇਕਰ ਜਰੂਰੀ ਹੋਵੇ ਤਾਂ ਵਿਭਿੰਨਤਾ ਲਈ ਕੇਵਲ ਮਨਜ਼ੂਰਸ਼ੁਦਾ ਸੁਰੱਖਿਅਤ ਵਿਦੇਸ਼ੀ ਕਿਸਮਾਂ ਦੀ ਹੀ ਵਰਤੋਂ ਕਰੋ।

(ਡਾ. ਮੀਰਾ ਡੀ ਅਾਂਸਲ)

**ਵਿਭਿੰਨਤਾ ਅਤੇ ਜ਼ਿੰਮੇਵਾਰੀ ਨਾਲ ਯਾਰੀ,**
**ਅਨੁਕੂਲਤਾ ਅਤੇ ਸਥਿਰਤਾ ਲਈ ਹਿਤਕਾਰੀ**

# ਪਸ਼ੂ ਪਾਲਕ ਟੈਲੀ-ਅਡਵਾਈਜ਼ਰੀ ਕੇਂਦਰ

**ਪਸ਼ੂਆਂ ਸਬੰਧੀ ਜਾਣਕਾਰੀ ਅਤੇ ਮੁਸ਼ਕਿਲਾਂ ਦੇ ਹੱਲ ਲਈ ਯੂਨੀਵਰਸਿਟੀ ਵਿਖੇ ਸਲਾਹ ਕਰਨ ਲਈ ਫ਼ੋਨ ਨੰਬਰ**

**62832-97919**
**62832-58834**

## ਦੁੱਧ ਵਪਾਰ ਲਈ FSSAI ਪੰਜੀਕਰਣ ਅਤੇ ਲਾਈਸੈਂਸ ਦਾ ਮਹੱਤਵ

ਐਫ.ਐਸ.ਐਸ.ਏ.ਆਈ. ਦਾ ਭਾਵ ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ ਇੰਡੀਆ ਹੈ ਜੋਕਿ ਭਾਰਤ ਵਿੱਚ ਭੋਜਨ ਪਦਾਰਥਾਂ ਨਾਲ ਸੰਬੰਧਿਤ ਮਾਪ ਨਿਰਧਾਰਿਤ ਕਰਦੀ ਹੈ ਅਤੇ ਉਹਨਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਂਦੀ ਹੈ। ਇਸ ਦੀ ਸਥਾਪਨਾ ਸਾਲ 2008 ਵਿੱਚ ਕੀਤੀ ਗਈ ਸੀ ਅਤੇ 2011 ਇਸ ਨੂੰ ਭਾਰਤ ਵਿੱਚ ਲਾਗੂ ਕੀਤਾ ਗਿਆ ਸੀ। ਇਸ ਕਾਨੂੰਨ ਦੇ ਬਨਣ ਤੋਂ ਪਹਿਲਾਂ ਦੇਸ਼ ਵਿਚ ਭੋਜਨ ਪਦਾਰਥਾਂ ਸੰਬੰਧਿਤ 9 ਵੱਖ-ਵੱਖ ਤਰ੍ਹਾਂ ਦੇ ਕਾਨੂੰਨ ਸਨ। ਜਿਸ ਕਰਕੇ ਉਤਪਾਦਕਾਂ ਅਤੇ ਖਪਤਕਾਰਾਂ ਨੂੰ ਸਮਝ ਹੀ ਨਹੀਂ ਆਉਂਦਾ ਸੀ ਕਿ ਕਿਹੜੇ ਕਾਨੂੰਨ ਦੀ ਪਾਲਣਾ ਕਰਨੀ ਹੈ ਅਤੇ ਕਿੱਥੇ ਸ਼ਿਕਾਇਤ ਦਰਜ਼ ਕਰਾਉਣੀ ਹੈ। ਇਸ ਕਰਕੇ ਐਫ.ਐਸ.ਐਸ.ਏ.ਆਈ. ਦਾ ਮੰਤਵ ਸੀ ਕਿ ਦੇਸ਼ ਵਿੱਚ ਚੱਲ੍ਹ ਰਹੇ ਵੱਖ-ਵੱਖ ਕਾਨੂੰਨਾਂ ਦੀ ਜਗ੍ਹਾਂ ਤੇ ਇੱਕ ਹੀ ਕਾਨੂੰਨ ਹੋਵੇ, ਜਿਸ ਨੂੰ ਇੱਕ ਹੀ ਵਿਭਾਗ ਨਿਯੰਤਰਣ ਕਰੇ।ਐਫ.ਐਸ.ਐਸ.ਏ.ਆਈ. ਬਨਾਉਣ ਦਾ ਮੁੱਖ ਮੰਤਵ ਵਿਗਿਆਨ ਨਾਲ ਆਧਾਰਿਤ ਭੋਜਨ ਪਦਾਰਥਾਂ ਦੇ ਮਾਪਕ ਨਿਰਧਾਰਿਤ ਕਰਨੀ ਹੈ, ਜੋ ਦੇਸ਼ ਵਿੱਚ ਭੋਜਨ ਪਦਾਰਥਾਂ ਦਾ ਉਤਪਾਦਨ, ਸਟੋਰੇਜ, ਵਿਕਰੀ ਅਤੇ ਆਯਾਤ ਨੂੰ ਨਿਯਮਿਤ ਕਰਨਾ ਯਕੀਨੀ ਬਣਾਉਂਦਾ ਹੈ। ਇਹ ਮਨੁੱਖੀ ਖ਼ਪਤ ਲਈ ਸੁਰੱਖਿਅਤ ਅਤੇ ਪੌਸ਼ਟਿਕ ਭੋਜਨ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਂਦਾ ਹੈ ਅਤੇ ਭੋਜਨ ਸੁਰੱਖਿਆ ਅਤੇ ਭੋਜਨ ਦੇ ਮਿਆਰਾਂ ਬਾਰੇ ਆਮ ਜਾਗਰੂਕਤਾ ਨੂੰ ਵੀ ਉਤਸ਼ਾਹਿਤ ਕਰਦਾ ਹੈ। ਐਫ.ਐਸ.ਐਸ.ਏ.ਆਈ. ਦਾ ਮਿਸ਼ਨ ਭੋਜਨ ਦੇ ਵਿਸ਼ਵ ਪੱਧਰ ਦੇ ਮਾਪ ਨਿਰਧਾਰਿਤ ਕਰਨਾ ਅਤੇ ਭੋਜਨ ਕਾਰਬੋਬਾਰੀਆਂ ਨੂੰ ਇਹਨਾਂ ਮਿਆਰਾਂ ਦੀ ਪਾਲਣਾ ਕਰਨ ਅਤੇ ਚੰਗੀ ਨਿਰਮਾਣ ਅਤੇ ਸਫਾਈ ਅਭਿਆਸਾਂ ਨੂੰ ਅਪਨਾਉਣ ਲਈ ਉਤਸ਼ਾਹਿਤ ਕਰਨਾ ਅਤੇ ਯਕੀਨੀ ਬਨਾਉਣਾ ਹੈ। ਇਸ ਦਾ ਦ੍ਰਿਸ਼ਟੀਕੋਣ ਖਪਤਕਾਰਾਂ ਨੂੰ ਸੁਰੱਖਿਅਤ ਪੌਸ਼ਟਿਕ ਭੋਜਨ ਪ੍ਰਾਪਤ ਕਰਨ ਦੇ ਯੋਗ ਬਣਾ ਕੇ ਇੱਕ ਨਵੇਂ ਭਾਰਤ ਦਾ ਨਿਰਮਾਣ ਕਰਨਾ ਹੈ ਤਾਂ ਜੋ ਬਿਮਾਰੀਆਂ ਨੂੰ ਰੋਕ ਕੇ ਸਿਹਤਮੰਦ ਅਤੇ ਖੁਸ਼ਹਾਲ ਭਾਰਤ ਬਣਾਇਆ ਜਾ ਸਕੇ।

**ਪੰਜੀਕਰਣ ਪ੍ਰਕਿਰਿਆ ਅਤੇ ਇਸ ਦੀ ਫੀਸਾਂ:** ਵਪਾਰੀ ਨੂੰ FSSAI ਦੀ ਔਪਚਾਰਿਕ ਵੈਬਸਾਈਟ 'ਤੇ ਜਾ ਕੇ ਆਨਲਾਈਨ ਫਾਰਮ ਭਰਨਾ ਪਵੇਗਾ, ਅਤੇ ਉਸਦੇ ਅਨੁਸਾਰ ਕੁਝ ਦਸਤਾਵੇਜ਼ ਵੀ ਜਮ੍ਹਾ ਕਰਵਾਉਣੇ ਹੋਣਗੇ। ਪੰਜੀਕਰਣ ਅਤੇ ਲਾਈਸੈਂਸ ਦੀ ਫੀਸ ਵਪਾਰ ਦੇ ਆਕਾਰ, ਪ੍ਰਕ੍ਰਿਤੀ ਅਤੇ ਕਈ ਹੋਰ ਸਥਿਤੀਆਂ 'ਤੇ ਨਿਰਭਰ ਕਰਦੀ ਹੈ, ਉਦਾਹਰਨ ਸਵਰੂਪ, ਛੋਟੇ ਡੇਅਰੀ ਵਪਾਰੀਆਂ ਲਈ ਫੀਸ ਘੱਟ ਹੋ ਸਕਦੀ ਹੈ, ਜਦਕਿ ਵੱਡੇ ਸਕੇਲ ਦੇ ਵਪਾਰੀਆਂ ਲਈ ਇਹ ਜ਼ਿਆਦਾ ਹੋ ਸਕਦੀ ਹੈ। ਫੀਸ ਦੇ ਅਦਾਇਗੀ 'ਤੇ FSSAI ਦੀ ਟੀਮ ਜਾਂਚ ਕਰੇਗੀ ਅਤੇ ਸਭ ਕੁਝ ਠੀਕ ਹੋਣ 'ਤੇ, ਪ੍ਰਮਾਣ ਪੱਤਰ ਪ੍ਰਦਾਨ ਕੀਤਾ ਜਾਵੇਗਾ। ਇਸ ਤਰੀਕੇ ਨਾਲ, ਵਪਾਰੀ ਆਪਣੇ ਵਪਾਰ ਨੂੰ ਹੋਰ ਪ੍ਰੋਫੈਸ਼ਨਲ ਅਤੇ ਗਾਹਕਾਂ ਵਿਚ ਵਿਸ਼ਵਾਸ ਯੋਗ ਬਣਾ ਸਕਦਾ ਹੈ।

ਡੇਅਰੀ ਵਪਾਰ ਨੂੰ ਖੋਲ੍ਹਣ ਬਾਰੇ ਵਿਚਾਰ ਕਰ ਰਹੇ ਵਪਾਰੀਆਂ ਲਈ FSSAI ਪੰਜੀਕਰਣ ਅਤੇ ਲਾਈਸੈਂਸ ਜਰੂਰੀ ਹੈ, ਕਿਉਂਕਿ ਇਹ ਉਨ੍ਹਾਂ ਦੇ ਵਪਾਰ ਦੀ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਨੂੰ ਵੀ ਵਧਾਉਂਦਾ ਹੈ। ਗਾਹਕਾਂ ਨੂੰ ਯਕੀਨ ਹੁੰਦਾ ਹੈ ਕਿ ਉਹ ਸੁਰੱਖਿਤ ਅਤੇ ਗੁਣਵੱਤਾ ਪੂਰਨ ਉਤਪਾਦ ਖਰੀਦ ਰਹੇ ਹਨ।

ਨੋਟ: ਹੋਰ ਜਾਣਕਾਰੀ ਲਈ, ਕਿਰਪਾ ਕਰਕੇ FSSAI ਦੀ ਵੈੱਬਸਾਈਟ 'ਤੇ ਜਾਓ ਜਾਂ ਸਬੰਧਤ ਲੇਖਕਾਂ ਨਾਲ ਸੰਪਰਕ ਕਰੋ ।

(ਡਾ. ਸ਼ਿਵਾ ਅਤੇ ਵਿਜੀ ਪੀ ਸੀ)

8556065594

## ਪਰੋਸੈੱਸਡ ਚੀਜ਼

ਡੇਅਰੀ ਵਪਾਰ ਵਾਲਿਆਂ ਲਈ ਚੀਜ਼ ਇੱਕ ਬਹੁਤ ਹੀ ਮਕਬੂਲ ਉਤਪਾਦ ਹੈ ਜਿਸ ਦੇ ਮੰਡੀਕਰਨ ਤੋਂ ਉਨ੍ਹਾਂ ਨੂੰ ਵੱਡੇ ਲਾਭ ਪ੍ਰਾਪਤ ਹੋ ਸਕਦੇ ਹਨ। ਪਰੋਸੈੱਸਡ ਚੀਜ਼ ਸਾਡੇ ਘਰੇਲੂ ਜੀਵਨ ਵਿੱਚ ਖਾਸ ਸਥਾਨ ਰੱਖਦਾ ਹੈ। ਇਸ ਲੇਖ ਵਿੱਚ ਸਾਡਾ ਉਦੇਸ਼ ਛੋਟੇ ਪੈਮਾਨੇ 'ਤੇ ਡੇਅਰੀ ਵਪਾਰ ਵਾਲਿਆਂ ਨੂੰ ਪਰੋਸੈੱਸਡ ਚੀਜ਼ ਬਾਰੇ ਜਾਣਕਾਰੀ ਦੇਣਾ ਹੈ।

**ਪਰੋਸੈੱਸਡ ਚੀਜ਼ ਕੀ ਹੈ?**

ਪਰੋਸੈਸਡ ਚੀਜ਼ ਇੱਕ ਖਾਸ ਤਰੀਕੇ ਨਾਲ ਤਿਆਰ ਕੀਤਾ ਜਾਂਦਾ ਹੈ ਜਿਸ ਵਿੱਚ ਵੱਖ-ਵੱਖ ਕਿਸਮ ਦੇ ਪਦਾਰਥਾਂ ਨੂੰ ਮਿਲਾ ਕੇ ਉਸਨੂੰ ਤਾਜਾ ਰੱਖਿਆ ਜਾਂਦਾ ਹੈ। ਇਸ ਦੀ ਇੱਕ ਖਾਸੀਅਤ ਇਹ ਹੈ ਕਿ ਇਹ ਜ਼ਿਆਦਾ ਸਮੇਂ ਲਈ ਖਰਾਬ ਨਹੀਂ ਹੁੰਦਾ।

### ਪ੍ਰੋਸੈੱਸਡ ਚੀਜ਼ ਬਣਾਉਣ ਦੀ ਵਿਧੀ

75 % ਪੀਜ਼ਾ ਚੀਜ਼ ਅਤੇ 25% ਚੇਡਾਰ ਚੀਜ਼

ਛੋਟੇ-ਛੋਟੇ ਟੁਕੜਿਆਂ ਵਿਚ ਤੋੜਨਾ

ਟੁਕੜਿਆਂ ਨੂੰ ਕੈਟਲ ਵਿਚ ਪਾਉਣਾ ਅਤੇ 32 ਤੋਂ ਲੈ ਕੇ 90 °C ਤੇ ਚੰਗੀ ਤਰਾਂ ਗਰਮ ਕਰਨਾ

ਪਿਘਲੇ ਹੋਏ ਚੀਜ਼ ਨੂੰ ਮੋਲਡ ਵਿਚ ਪਾਉਣਾ

ਕਮਰੇ ਦੇ ਤਾਪਮਾਨ ’ਤੇ ਠੰਡਾ ਕਰਨਾ

ਪੈਕ ਕਰਨਾ ਅਤੇ ਕੋਲ੍ਡ ਸਟੋਰ ਵਿਚ ਰੱਖਣਾ

**ਛੋਟੇ ਕਿਸਾਨਾਂ ਅਤੇ ਡੇਅਰੀ ਵਪਾਰ ਵਾਲਿਆਂ ਲਈ ਸੰਭਾਵਨਾਵਾਂ**

1. ਬਾਜ਼ਾਰ ਦੀ ਮੰਗ: ਪਿੱਜ਼ਾ, ਸੈਂਡਵਿਚ, ਪਾਸਤਾ ਆਦਿ ਵਿੱਚ ਪਰੋਸੈੱਸਡ ਚੀਜ਼ ਦੀ ਵੱਡੀ ਮੰਗ ਹੈ।
2. ਜ਼ਿਆਦਾ ਸਟੋਰੇਜ ਜੀਵਨ: ਪਰੋਸੈੱਸਡ ਚੀਜ਼ ਜ਼ਿਆਦਾ ਸਮੇਂ ਤੱਕ ਸਟੋਰ ਕੀਤਾ ਜਾ ਸਕਦਾ ਹੈ ਜਿਸਦਾ ਫਾਇਦਾ ਡੇਅਰੀ ਵਪਾਰ ਵਾਲਿਆਂ ਨੂੰ ਹੁੰਦਾ ਹੈ।
3. ਨਵੇਂ ਉਤਪਾਦਾਂ ਦਾ ਉਤਪਾਦਨ: ਪਰੋਸੈਸਡ ਚੀਜ਼ ਨਾਲ ਨਵੇਂ ਉਤਪਾਦ ਬਣਾਏ ਜਾ ਸਕਦੇ ਹਨ ਜਿਵੇਂ ਚੀਜ਼ ਸਪਰੈਡਸ, ਚੀਜ਼ ਸਾਸ਼, ਚੀਜ਼ ਡਿਪਸ ਆਦਿ।

(ਡਾ. ਸ਼ਿਵਾ ਅਤੇ ਵਿਜੀ ਪੀ ਸੀ)

## ਵਹੀ ਖਾਤਾ ਅਪਣਾਓ- ਡੇਅਰੀ ਧੰਦੇ ਨੂੰ ਲਾਭਦਾਇਕ ਬਣਾਓ

ਪੰਜਾਬ ਦੇ ਕਿਸਾਨ ਸ਼ੁਰੂ ਤੋਂ ਹੀ ਖੇਤੀ ਦੇ ਨਾਲ-ਨਾਲ ਪਸ਼ੂ ਪਾਲਣ ਦੇ ਆਦੀ ਹਨ, ਪਰ ਹੁਣ ਇਹ ਧੰਦਾ ਸਹਾਇਕ ਨਾ ਰਹਿ ਕੇ, ਕਿਸਾਨਾਂ ਦਾ ਮੁੱਖ ਧੰਦਾ ਬਣ ਗਿਆ ਹੈ। ਕਿਸੇ ਵੀ ਵਪਾਰ ਦਾ ਸਫਲ ਜਾਂ ਅਸਫਲ ਹੋਣਾ, ਯੋਗ ਅਤੇ ਸਹੀ ਪ੍ਰਬੰਧ ਉੱਪਰ ਨਿਰਭਰ ਕਰਦਾ ਹੈ। ਦੂਜੇ ਵਪਾਰਕ ਧੰਦਿਆ ਦੀ ਤਰ੍ਹਾਂ, ਕਿਸਾਨ ਨੂੰ ਵੀ ਦੁੱਧ ਦੇ ਉਤਪਾਦਨ, ਮੰਡੀਕਰਨ ਆਦਿ ਸਬੰਧੀ ਕਈ ਮਹੱਤਵਪੂਰਨ ਫੈਸਲੇ ਲੈਣੇ ਪੈਂਦੇ ਹਨ। ਇਸ ਲਈ ਕਿਸਾਨਾਂ ਲਈ ਬਹੁਤ ਜਰੂਰੀ ਹੈ ਕਿ ਉਹ ਡੇਅਰੀ ਦੇ ਧੰਦੇ ਦਾ ਲੇਖਾ ਜੋਖਾ ਰੱਖਣ ਅਤੇ ਇਸ ਦੇ ਆਧਾਰ ਤੇ ਹੀ ਮਹੱਤਵਪੂਰਨ ਫੈਸਲੇ ਲੈਣ। ਡੇਅਰੀ ਫਾਰਮ ਦੇ ਰਿਕਾਰਡ ਦਾ ਵਿਸ਼ਲੇਸ਼ਣ ਕਰਕੇ ਆਉਣ ਵਾਲੇ ਸਮੇਂ ਵਿੱਚ ਵਾਧੂ ਖਰਿਚਆਂ ਨੂੰ ਘਟਾਇਆ ਜਾ ਸਕਦਾ ਹੈ, ਅਤੇ ਇਹ ਪਤਾ ਲਗਾਇਆ ਜਾ ਸਕਦਾ ਹੈ ਕਿ ਸੁਧਾਰ ਦੀ ਕਿੱਥੇ ਲੋੜ ਹੈ ਅਤੇ ਭਿਵੱਖ ਵਿੱਚ ਆਮਦਨ ਵਧਾਉਣ ਲਈ ਕੀ ਕੀਤਾ ਜਾ ਸਕਦਾ ਹੈ।

ਵਹੀ ਖਾਤਾ ਰੱਖਣ ਲਈ ਕਿਹੜੀਆਂ ਮਹੱਤਵਪੂਰਨ ਗੱਲਾਂ ਦਾ ਧਿਆਨ ਰੱਖਣਾ ਹੈ, ਉਹ ਹੇਠ ਲਿਖੇ ਅਨੁਸਾਰ ਹਨ:

ਵਹੀ ਖਾਤਾ ਬਣਾਉਣ ਸਮੇਂ ਉਸ ਵਿੱਚ ਡੇਅਰੀ ਫਾਰਮ ਸ਼ੁਰੂ ਕਰਨ ਦੇ ਸਮੇਂ ਤੋਂ ਸਭ ਕੁੱਝ ਤਰਤੀਬਵਾਰ ਦਰਜ਼ ਕਰਨਾ ਚਾਹੀਦਾ ਹੈ। ਡੇਅਰੀ ਫਾਰਮ ਦੇ ਵਹੀ ਖਾਤੇ ਵਿੱਚ ਪਸ਼ੂਆਂ ਸੰਬੰਧੀ ਰਿਕਾਰਡ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।ਹਰ ਪਸ਼ੂ ਦੀ ਸੂਣ ਦੀਂ ਮਤੀ ਦਰਜ਼ ਕਰਨੀ ਚਾਹੀਦੀ ਹੈ। ਪਸ਼ੂ ਦੇ ਹੇਹੇ ਵਿੱਚ ਆਉਣ ਸੰਬੰਧੀ ਜਾਣਕਾਰੀ ਵੀ ਨੋਟ ਕਰਨੀ ਚਾਹੀਦੀ ਹੈ ਤਾਂ ਜੋ ਪਸ਼ੂ ਦੇ ਅਗਲੇ ਹੇਹੇ ਦਾ ਅੰਦਾਜ਼ਾ ਪਹਿਲਾ ਹੀ ਲਗਾ ਕੇ ਹੇਹੇ ਖੁੰਝਣ ਤੋਂ ਬਚਾਇਆ ਜਾ ਸਕੇ ਅਤੇ ਪਸ਼ੂ ਨੂੰ ਸਹੀ ਸਮੇਂ ਤੇ ਗੱਭਣ ਕਰਾਇਆ ਜਾ ਸਕੇ। ਇਸ ਤਰਾਂ ਪਸ਼ੂ ਵਿੱਚ ਕਰਵਾਏ ਮਸਨੂਈ ਗਰਭ ਦਾ ਜਾਂ ਕੁਦਰਤੀ ਮਿਲਾਪ ਦੀ ਮਿਤੀ ਲਿਖਣੀ ਬਹੁਤ ਜ਼ਰੂਰੀ ਹੈ ਤਾਂ ਜੋ ਪਸ਼ੂ ਦੇ ਸੂਣ ਦੇ ਸਮੇਂ ਦਾ ਅਨੁਮਾਨ ਲਗਾ ਕੇ ਪਸ਼ੂ ਦਾ ਖਾਸ ਖਿਆਲ ਰੱਖਿਆ ਜਾ ਸਕੇ। ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਟੀਕੇ ਜਾਂ ਕੋਈ ਹੋਰ ਦਵਾਈ ਦੇਣ ਸੰਬੰਧੀ ਜਾਣਕਾਰੀ ਵੀ ਵਹੀ-ਖਾਤੇ ਵਿੱਚ ਮਿਤੀ ਦਰਜ ਕਰਨੀ ਚਾਹੀਦੀ ਹੈ।

ਡੇਅਰੀ ਫਾਰਮ ਤੇ ਹੋਏ ਪੂੰਜੀ ਨਿਵੇਸ਼ ਅਤੇ ਲ਼ਾਗਤਾਂ ਵੀ ਵਹੀ-ਖਾਤੇ ਵਿੱਚ ਦਰਜ਼ ਕਰਨੀਆਂ ਹੁੰਦੀਆਂ ਹਨ। ਇਹ ਲਾਗਤਾਂ ਮੂਲ ਰੂਪ ਵਿੱਚ ਦੋ ਤਰਾਂ ਦੀਆਂ ਹੁੰਦੀਆ ਹਨ- ਪੱਕੀਆ ਲਾਗਤਾਂ ਅਤੇ ਚਾਲੂ ਲਾਗਤਾਂ। ਡੇਅਰੀ ਫਾਰਮ ਲਈ ਵਰਤੀ ਜਾਣ ਵਾਲੀ ਜ਼ਮੀਨ ਦੀ ਕੀਮਤ, ਪਸ਼ੂਆ ਦੀ ਕੀਮਤ, ਸਟੋਰ, ਵਰਤੇ ਜਾਣ ਵਾਲੇ ਸੰਦਾਂ ਅਤੇ ਮਸ਼ੀਨਰੀ ਦੀ ਕੀਮਤ ਆਦਿ ਵਿਸਥਾਰ ਪੂਰਵਕ ਤਰੀਕੇ ਨਾਲ ਦਰਜ ਕਰਕੇ ਪੱਕੀਆ ਲਾਗਤਾਂ ਵਿੱਚ ਜੋੜਨੇ ਚਾਹੀਦੇ ਹਨ। ਬਾਕੀ ਦੇ ਖਰਚੇ ਜਿਵੇਂ ਕਿ ਹਰਾ ਚਾਰਾ, ਸੁੱਕਾ ਚਾਰਾ, ਵੰਡ, ਧਾਤਾਂ ਦਾ ਚੂਰਨ, ਮਜ਼ਦੂਰੀ, ਇਮਾਰਤਾਂ ਅਤੇ ਮਸ਼ੀਨਰੀ ਦੀ ਘਸਾਈ, ਬਿਜਲੀ ਅਤੇ ਪਾਣੀ ਦੇ ਖਰਚੇ, ਪਸ਼ੂਆਂ ਦੀ ਸਿਹਤ ਸੰਭਾਲ ਸੰਬੰਧੀ ਖਰਚੇ, ਪੱਕੀਆ ਲਾਗਤਾਂ ਉੱਪਰ ਵਿਆਜ ਆਦਿ ਚਾਲੂ ਲਾਗਤਾਂ ਵਿੱਚ ਪਾਉਣੇ ਚਾਹੀਦੇ ਹਨ। ਕਿਸਾਨ ਵੀਰਾਂ ਨੂੰ ਇਹ ਸਾਰੇ ਖਰਚੇ ਸਾਲ-ਦਰ-ਸਾਲ ਨੋਟ ਕਰਨੇ ਚਾਹੀਦੇ ਹਨ। ਘਰ ਉਗਾਏ ਹਰੇ ਅਤੇ ਸੁੱਕੇ ਚਾਰੇ ਦੀ ਕੀਮਤ, ਪਸ਼ੂ ਦੀ ਉਮਰ ਵਧਣ ਨਾਲ ਸਾਲ ਵਿੱਚ ਇਨ੍ਹਾਂ ਦੀ ਕੀਮਤ ਵਿੱਚ ਹੋਇਆ ਵਾਧਾ/ ਘਾਟਾ ਵੀ ਦਰਜ ਕਰਨਾ ਚਾਹੀਦਾ ਹੈ।

ਖਰਚੇ ਨੋਟ ਕਰਨ ਤੋਂ ਬਾਅਦ ਹੁਣ ਵਾਰੀ ਆਉਂਦੀ ਹੈ ਆਮਦਨ ਨੋਟ ਕਰਨ ਦੀ। ਡੇਅਰੀ ਧੰਦੇ ਤੋਂ ਆਮਦਨ ਸਾਨੂੰ ਮੁੱਖ ਰੂਪ ਵਿੱਚ ਦੁੱਧ ਤੋਂ ਪ੍ਰਾਪਤ ਹੁੰਦੀ ਹੈ। ਇਸ ਲਈ ਹਰ ਪੰਦਰਵਾੜੇ ਜਾਂ ਹਫਤਾਵਾਰ ਦੁੱਧ ਦਾ ਉਤਪਾਦਨ ਅਤੇ ਖਪਤ ਨੋਟ ਕਰਨੀ ਚਾਹੀਦੀ ਹੈ। ਦੁੱਧ ਦੇ ਮੰਡੀਕਰਨ ਬਾਰੇ ਸਾਰੀ ਜਾਣਕਾਰੀ ਜਿਵੇਂ ਕਿ ਦੁੱਧ ਕਿੱਥੇ ਵੇਚਿਆ, ਕਿਸ ਕੀਮਤ ਤੇ ਵੇਚਿਆ, ਵੇਚਣ ਤੇ ਆਇਆ ਖਰਚ ਆਦਿ ਸਭ ਕੁੱਝ ਵਿਸਥਾਰ ਪੂਰਵਕ ਢੰਗ ਨਾਲ ਨੋਟ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਡੇਅਰੀ ਫਾਰਮ ਤੇ ਆਮਦਨੀ ਸਾਨੂੰ ਰੂੜੀ ਦੀ ਖਾਦ ਅਤੇ ਕੱਟੜੂ ਵੱਛੜੂ ਵੀ ਵੇਚਣ ਨਾਲ ਹੁੰਦੀ ਹੈ।

## ਵਹੀ ਖਾਤਾ ਅਪਣਾਓ- ਡੇਅਰੀ ਧੰਦੇ ਨੂੰ ਲਾਭਦਾਇਕ ਬਣਾਓ

ਕਿਸਾਨ ਵੀਰਾਂ ਨੂੰ ਡੇਅਰੀ ਫਾਰਮ ਦਾ ਸਹੀ ਹਿਸਾਬ ਰੱਖਣ ਨਾਲ ਇਹ ਪਤਾ ਲੱਗ ਸਕੇਗਾ ਕਿ ਉਨ੍ਹਾਂ ਦਾ ਧੰਦਾ ਫਾਇਦੇ ਵਿੱਚ ਜਾ ਰਿਹਾ ਹੈ ਜਾਂ ਘਾਟੇ ਵਿੱਚ ਜਾ ਰਿਹਾ ਹੈ ਅਤੇ ਕਿਸਾਨ ਵੀਰ ਕਿਸੇ ਵੀ ਸਮੇਂ ਆਪਣੀ ਆਰਿਥਕ ਹਾਲਤ ਤੋਂ ਜਾਣੂ ਹੋ ਸਕਦੇ ਹਨ। ਇਹ ਜਾਣਕਾਰੀ ਪੂੰਜੀ ਲਗਾਉਣ ਸੰਬੰਧੀ ਕਈ ਜ਼ਰੂਰੀ ਕਦਮ ਚੁੱਕਣ ਵਿੱਚ ਸਹਾਈ ਹੋ ਸਕਦੀ ਹੈ। ਇਹ ਜਾਣਕਾਰੀ ਡੇਅਰੀ ਦੇ ਧੰਦੇ ਵਿੱਚੋਂ ਆਮਦਨ ਦੇ ਚੰਗੇ ਉਪਾਅ ਲੱਭਣ, ਸਮੇਂ ਸਿਰ ਅਤੇ ਯੋਗ ਥਾਂ ਤੇ ਕਰਜਾ ਲੈਣ ਸੰਬੰਧੀ ਫੈਸਲਾ ਲੈਣ ਵਿੱਚ ਵੀ ਸਹਾਈ ਹੁੰਦੀ ਹੈ।

**ਪੱਕੀਆਂ ਲਾਗਤਾਂ:**

| ਵੇਰਵਾ | ਨਸਲ (ਪਸ਼ੂਆਂ ਲਈ) | ਨੰਬਰ | ਸਾਲ ਦੇ ਸ਼ੁਰੂ ਵਿੱਚ ਮੁੱਲ (ਰੁਪਏ) | ਸਲਾਨਾ ਵਾਧਾ/ਘਾਟਾ (ਰੁਪਏ) | ਸਾਲ ਦੇ ਅੰਤ ਵਿੱਚ ਮੁੱਲ (ਰੁਪਏ) | ਟਿੱਪਣੀ |
|---|---|---|---|---|---|---|
| ਪਸ਼ੂ (ਦੁਧਾਰੂ ਪਸ਼ੂਆਂ, ਬਲਦ, ਕੱਟੇ-ਵੱਛੇ ਆਦਿ) | ਜਰਸੀ | 10 | | | | |
| ਪਸ਼ੂਆਂ ਲਈ ਸ਼ੈਡ | | 1 | | | | |
| ਤੂੜੀ ਲਈ ਕਮਰਾ/ ਸਟੋਰ | | 1 | | | | |
| ਫਾਰਮ ਮਸ਼ੀਨਾਂ ਅਤੇ ਸੰਦ ਆਦਿ | | | | | | |

**ਚਾਲੂ ਲਾਗਤਾਂ:**

| ਵੇਰਵਾ | ਮਿਤੀ | ਮਾਤਰਾ/ ਦਿਨ | | | ਕੀਮਤ | ਕੁੱਲ ਮੁੱਲ (ਰੁਪਏ) |
|---|---|---|---|---|---|---|
| | | ਦੁਧਾਰੂ ਪਸ਼ੂ | ਸਮਾਨ ਢੋਣ ਵਾਲੇ ਪਸ਼ੂ | ਹੋਰ | | |
| ਹਰਾ ਚਾਰਾ (ਕੁਇੰਟਲ) | | | | | | |
| ਸੁੱਕਾ ਚਾਰਾ (ਕਿਲੋ) | | | | | | |
| ਫੀਡ(ਕਿਲੋ) | | | | | | |
| ਮਿਨਰਲ ਮਿਕਸਚਰ (ਗ੍ਰਾਮ) | | | | | | |
| ਦਵਾਈਆਂ | | | | | | |
| ਮਜਦੂਰੀ | | | | | | |
| ਹੋਰ ਖਰਚੇ (ਬਿਜਲੀ ਦਾ ਬਿਲ, ਸ਼ੈਡਾਂ ਦਾ ਕਿਰਾਇਆ ਆਦਿ) | | | | | | |
| ਕੁੱਲ ਖਰਚਾ | | | | | | |

## ਵਹੀ ਖਾਤਾ ਅਪਣਾਓ- ਡੇਅਰੀ ਧੰਦੇ ਨੂੰ ਲਾਭਦਾਇਕ ਬਣਾਓ

ਦੁੱਧ ਦਾ ਉਤਪਾਦਨ ਤੇ ਖਪਤ:

| ਮਿਤੀ | ਦੁੱਧ ਦਾ ਉਤਪਾਦਨ (ਲੀਟਰ) | ਦੁੱਧ ਦੀ ਖਪਤ (ਲੀਟਰ) | | ਦੁੱਧ ਦਾ ਮੰਡੀਕਰਨ | | | | ਟਿੱਪਣੀ |
|---|---|---|---|---|---|---|---|---|
| | | ਘਰੇਲੂ ਖਪਤ | ਕੱਟੜੂਆਂ-ਵੱਛੜੂਆਂ ਨੂੰ ਚੁੰਘਾਉਣਾ | ਕਿੱਥੇ/ਕਿਸ ਨੂੰ ਵੇਚਿਆ | ਮਾਤਰਾ (ਲੀਟਰ) | ਕੀਮਤ (ਰੁਪਏ/(ਲੀਟਰ) | ਕੁੱਲ ਮੁੱਲ (ਰੁਪਏ) | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |
| | | | | | | | | |

ਮਹੀਨੇਵਾਰ ਖਰਚ ਅਤੇ ਆਮਦਨ:

| ਵੇਰਵਾ | ਮਹੀਨਾ | ਖਰਚੇ (ਰੁਪਏ) | ਵੇਰਵਾ | ਆਮਦਨ (ਰੁਪਏ) |
|---|---|---|---|---|
| ਫੀਡ ਅਤੇ ਚਾਰਾ | ਜੁਲਾਈ | | ਦੁੱਧ ਅਤੇ ਕੱਟੜੂ-ਵੱਛੜੂਆਂ ਨੂੰ ਵੇਚਣਾ | |
| ਦਿਹਾੜੀ ਦਾ ਖਰਚਾ | ਜੁਲਾਈ | | ਮਸ਼ੀਨਰੀ ਵੇਚਣਾ | |
| ਦਵਾਈਆਂ ਦੇ ਖਰਚੇ | ਜੁਲਾਈ | | ਰੂੜੀ ਵੇਚਣਾ | |
| ਹੋਰ ਖਰਚੇ | ਜੁਲਾਈ | | ਹੋਰ ਆਮਦਨ | |
| ਕੁੱਲ ਖਰਚ | | | ਕੁੱਲ ਆਮਦਨ | |

(ਡਾ. ਇੰਦਰਪ੍ਰੀਤ ਕੌਰ)

## ਧਾਤਾਂ ਦੇ ਚੂਰੇ ਦੀ ਮਹੱਤਤਾ

ਧਾਤ ਉਹ ਗੈਰ ਜੈਵਿਕ ਪਦਾਰਥ ਹਨ ਜੋ ਕੀ ਸਰੀਰ ਦੇ ਤੰਤੂਆਂ ਹੱਡੀਆਂ ਅਤੇ ਮਾਸ਼ਪੇਸ਼ੀਆਂ ਵਿੱਚ ਮੌਜੂਦ ਹੁੰਦੀਆਂ ਹਨ ਅਤੇ ਸਰੀਰ ਦੀਆਂ ਵੱਖ-ਵੱਖ ਰਸਾਇਣਿਕ ਕ੍ਰਿਆਵਾਂ ਵਿੱਚ ਹਿੱਸਾ ਲੈਂਦੀਆਂ ਹਨ।ਇਹ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ।

1. ਮੁੱਖ ਧਾਤਾਂ- ਜੋ ਕਿ ਸਰੀਰ ਵਿੱਚ ਜਿਆਦਾ ਮਾਤਰਾ ਵਿੱਚ ਪਾਈਆਂ ਜਾਣ - ਕੈਲਸ਼ੀਅਮ, ਫਾਸਫੋਰਸ, ਸੋਡੀਅਮ, ਪੋਟਾਸ਼ੀਅਮ, ਕਲੋਰੀਨ, ਮੈਗਨੀਸ਼ੀਅਮ।

2. ਲਘੂ ਧਾਤਾਂ- ਜੋ ਕਿ ਸਰੀਰ ਵਿੱਚ ਘੱਟ ਮਾਤਰਾ ਵਿੱਚ ਹੋਣੀਆਂ ਚਾਹੀਦੀਆਂ ਹਨ- ਕਾਪਰ, ਕੋਬਾਲਟ, ਆਇਰਨ, ਜਿੰਕ ਮੈਗਨੀਜ਼, ਆਇਓਡੀਨ

ਧਾਤਾਂ ਦੀ ਮਾਤਰਾ ਵੱਖ-ਵੱਖ ਖੁਰਾਕਾਂ ਵਿੱਚ ਵੱਖ-ਵੱਖ ਹੁੰਦੀ ਹੈ।



**ਫਲੀਦਾਰ:**
ਕੈਲਸ਼ੀਅਮ,ਮੈਗਨੀਜੀਅ,ਪੋਟਾਸ਼ੀਅਮ,
ਕੋਪਰ,ਜਿੰਕ,ਆਇਰਨ



**ਗੈਰ ਫਲੀਦਾਰ:**
ਕੈਲਸ਼ੀਅਮ,ਮੈਗਨੀਜੀਅਮ



**ਤੂੜੀ** - ਸੋਡੀਅਮ, ਪੋਟਾਸੀਅਮ,
ਆਇਰਨ, ਮੈਗਨੀਜ



**ਦਾਣੇ:** ਫਾਸਫੋਰਸ

### ਧਾਤਾਂ ਦਾ ਚੂਰਾ ਕੀ ਹੈ -

ਵੱਖ-ਵੱਖ ਧਾਤਾਂ ਨੂੰ ਇੱਕ ਖਾਸ ਅਨੁਪਾਤ ਵਿੱਚ ਮਿਲਾਉਣ ਉਪੰਰਤ ਜੋ ਮਿਸ਼ਰਨ ਮਿਲਦਾ ਹੈ ਉਸ ਨੂੰ ਧਾਤਾਂ ਦਾ ਚੂਰਾ ਕਿਹਾ ਜਾਂਦਾ ਹੈ। ਧਾਤਾਂ ਦਾ ਚੂਰਾ ਨਾ ਸਿਰਫ ਬਿਮਾਰੀਆਂ ਤੋਂ ਬਚਾਉਂਦਾ ਹੈ ਬਲਕਿ ਪਸ਼ੂ ਪ੍ਰਜਣਨ ਸੰਬੰਧੀ ਸਮੱਸਿਆਂ ਨੂੰ ਵੀ ਘੱਟ ਕਰਦਾ ਹੈ। ਬਿਮਾਰੀਆਂ ਤੋਂ ਬਚਾਉਣ ਲਈ ਅਤੇ ਧਾਤਾਂ ਦੀ ਕਮੀ ਨੂੰ ਪੂਰਾ ਕਰਨ ਲਈ ਧਾਤਾਂ ਦੇ ਚੂਰੇ ਦਾ ਪ੍ਰਯੋਗ ਕੀਤਾ ਜਾਂਦਾ ਹੈ।

### ਧਾਤਾਂ ਦੀ ਕਮੀ ਦੇ ਨੁਕਸਾਨ -


1. ਪ੍ਰਜਣਨ ਸਮਰੱਥਾ ਘੱਟਦੀ ਹੈ। 2. ਦੁੱਧ ਦੇਣ ਦੀ ਸ਼ਕਤੀ ਘੱਟਦੀ ਹੈ। 3. ਪਸ਼ੂ ਦਾ ਵਾਰ-ਵਾਰ ਫਿਰਨਾ। 4. ਬਿਮਾਰੀਆਂ ਲੱਗਣ ਦੇ ਆਸਾਰ ਵੱਧਦੇ ਹਨ। 5. ਸਰੀਰਕ ਵਾਧਾ ਤੇਜ਼ੀ ਨਾਲ ਨਹੀ ਹੁੰਦਾ।

# ਧਾਤਾਂ ਦੇ ਚੂਰੇ ਦੀ ਮਹੱਤਤਾ

## ਧਾਤਾਂ ਦੀ ਕਮੀ ਕਾਰਨ ਹੋਣ ਵਾਲੀਆਂ ਬਿਮਾਰੀਆਂ:

| ਧਾਤ | ਰੋਗ | ਇਲਾਕਾ |
|---|---|---|
| ਕੋਪਰ | ਅਮੀਨੀਆ, ਮੋਕ ਲੱਗਣਾ | ਪੰਜਾਬ, ਬਠਿੰਡਾ |
| ਆਇਓਡੀਨ | ਗੋਇਟਰ | ਅੰਮ੍ਰਿਤਸਰ, ਲੁਧਿਆਣਾ, ਜਲੰਧਰ, ਹੁਸ਼ਿਆਰਪੁਰ |
| ਫਲੋਰੀਨ | ਪਾਈਕਾ | ਸੰਗਰੂਰ, ਮਾਨਸਾ, ਬਠਿੰਡਾ, ਫਿਰੋਜ਼ਪੁਰ |
| ਸਲਫਰ | ਡੇਗਨਾਲਾ | ਹੁਸ਼ਿਆਰਪੁਰ |

## ਧਾਤਾਂ ਦੇ ਚੂਰੇ ਦੇ ਕੀ ਲਾਭ ਹਨ-




## ਰੋਜਾਨਾ ਦੀ ਖੁਰਾਕ ਵਿੱਚ ਚੂਰੇ ਦੀ ਵਰਤੋਂ-

| | | |
|---|---|---|
| 1 | ਵੱਧ ਰਹੇ ਕੱਟੜੂ ਵੱਛੜੂ ਲਈ | 20-30 ਗ੍ਰਾਮ |
| 2 | ਸਾਨ ਅਤੇ ਝੋਟੇ ਲਈ | 75 ਗ੍ਰਾਮ |
| 3 | 5-7 ਕਿਲੋ ਦੁਧਾਰੂ ਪਸ਼ੂਆਂ ਲਈ | 50 ਗ੍ਰਾਮ |
| 4 | 7-10 ਕਿਲੋ ਦੁਧਾਰੂ ਪਸ਼ੂਆਂ ਲਈ | 60 ਗ੍ਰਾਮ |
| 5 | 11-20 ਕਿਲੋ ਦੁਧਾਰੂ ਪਸ਼ੂਆਂ ਲਈ | 80 ਗ੍ਰਾਮ |

(ਡਾ. ਨੀਤੀ ਲਖਾਨੀ, ਅਨੰਤ ਸਿਮਰਨ)

## ਸਤੰਬਰ- ਅਕਤੂਬਰ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਸਤੰਬਰ ਮਹੀਨੇ ਤੋਂ ਮੌਸਮ ਦੇ ਬਦਲਾਅ ਦੀਆਂ ਨਿਸ਼ਾਨੀਆਂ ਦਿੱਸਣ ਲੱਗਦੀਆਂ ਹਨ। ਇਸ ਤੋਂ ਬਾਅਦ ਹਾੜ੍ਹੀ ਦੇ ਚਾਰਿਆਂ ਦੀ ਬਿਜਾਈ ਸ਼ੁਰੂ ਹੋ ਜਾਵੇਗੀ। ਸਾਉਣੀ ਦੇ ਚਾਰੇ ਖਤਮ ਹੋਣ ਕਿਨਾਰੇ ਹਨ। ਇਸਲਈ ਪਸ਼ੂ ਪਾਲਕ ਪਸ਼ੂਆਂ ਦੀ ਖੁਰਾਕ ਦੇ ਇੰਤਜ਼ਾਮ ਵੱਲ ਧਿਆਨ ਦੇਣ। ਖੁਰਾਕ ਵਿੱਚ ਅਚਾਨਕ ਬਦਲਾਅ ਲਿਆਉਣ ਨਾਲ ਪਸ਼ੂਆਂ ਨੂੰ ਬਦਹਜ਼ਮੀ ਹੋ ਸਕਦੀ ਹੈ।

### ਡੇਅਰੀ ਫ਼ਾਰਮਿੰਗ

ਮਾਹਿਰ ਡਾਕਟਰ ਨਾਲ ਸਲਾਹ ਕਰ ਕੇ ਚਿੱਚੜਾਂ ਦੇ ਖਾਤਮੇ ਦਾ ਯੋਗ ਪ੍ਰਬੰਧ ਕਰੋ।

ਪਸ਼ੂਆਂ ਦੇ ਸ਼ੈਡ ਵਿੱਚ ਚਿੱਚੜਾਂ ਨੂੰ ਮਾਰਨ ਲਈ ਸਿਫ਼ਾਰਿਸ਼ ਦਵਾਈਆਂ ਦਾ ਛਿੜਕਾਅ ਕਰੋ।

ਸਤੰਬਰ ਦੇ ਉੱਧ ਤੱਕ ਚਾਰੇ ਵਾਲੀ ਮੱਕੀ ਦੀ ਬਿਜਾਈ ਪੂਰੀ ਕਰ ਲੈਣੀ ਚਾਹੀਦੀ ਹੈ। ਹਾਲਾਂਕਿ ਸਤੰਬਰ ’ਚ ਬੀਜੀ ਮੱਕੀ ਨੂੰ ਫ਼ਾਲ ਆਰਮੀਵਾਰਮ ਦੇ ਹਮਲੇ ਤੋਂ ਬਚਾਉਣਾ ਪੈਂਦਾ ਹੈ।

### ਬੱਕਰੀ ਪਾਲਣ

ਗੱਭਣ ਬੱਕਰੀਆਂ ਦੀ ਖੁਰਾਕ ਵਿੱਚ ਪਹਿਲੀ ਤਿਮਾਹੀ ਦੌਰਾਨ ਜ਼ਿਆਦਾ ਵੰਡ ਪਾਉਣ ਦਾ ਫ਼ਾਇਦਾ ਨਹੀਂ ਹੁੰਦਾ। ਜੇਕਰ ਬੱਕਰੀਆਂ ਨੂੰ ਚਰਾਂਦ ‘ਤੇ ਲਿਜਾਇਆ ਜਾਂਦਾ ਹੈ ਤਾਂ ਸ਼ਾਮ ਨੂੰ ਇਹਨਾਂ ਨੂੰ 100 ਗ੍ਰਾਮ ਵੰਡ ਕਾਫ਼ੀ ਹੈ।

ਅਗਲੇ ਇੱਕ ਮਹੀਨੇ ਦੌਰਾਨ ਬੱਕਰੀਆਂ ਦੀ ਖਰੀਦ ਨਾ ਕਰੋ। ਮੌਸਮ ਦੇ ਦਬਾਅ ਅਤੇ ਬਦਲਾਅ ਕਾਰਨ ਬੱਕਰੀਆਂ ਬਿਮਾਰ ਹੋ ਸਕਦੀਆਂ ਹਨ।

### ਮੁਰਗੀ ਪਾਲਣ

ਆਂਡੇ ਵਾਲੀਆਂ ਮੁਰਗੀਆਂ ਨੂੰ 21 ਹਫ਼ਤਿਆਂ ਦੀ ਉਮਰ ਤੋਂ ਰੋਜ਼ਾਨਾ 16 ਘੰਟੇ ਰੋਸ਼ਨੀ ਦੇਣੀ ਚਾਹੀਦੀ ਹੈ।

ਧਿਆਨ ਰੱਖੋ ਕਿ ਮੁਰਗੀਆਂ ਦੇ ਸ਼ੈਡ ਵਿੱਚ ਸੁੱਕ ਵਿੱਚ ਵਾਧੂ ਨਮੀ ਨਾ ਬਣ ਰਹੀ ਹੋਵੇ।

### ਸੂਰ ਪਾਲਣ

ਜਵਾਨ ਸੂਰੀਆਂ ਨੂੰ 8- 12 ਮਹੀਨੇ ਦੀ ਉਮਰ ਵਿੱਚ ਗੱਭਣ ਕਰਵਾਇਆ ਜਾ ਸਕਦਾ ਹੈ।

ਸੂਰਾਂ ਦੀ ਸਰੀਰਕ ਜਾਂਚ ਕਰਵਾਉਂਦੇ ਰਹੋ ਤਾਂ ਕਿ ਬਾਹਰੀ ਪਰਜੀਵੀਆਂ ਦੇ ਨੁਕਸਾਨ ਤੋਂ ਬਚਾਅ ਕੀਤਾ ਜਾ ਸਕੇ।

ਸੂਰਾਂ ਦੇ ਮਲ ਦੀ ਜਾਂਚ ਕਰਵਾ ਕੇ ਅੰਦਰੂਨੀ ਪਰਜੀਵੀਆਂ ਦਾ ਪਤਾ ਕਰਕੇ ਲੋੜੀਂਦੀ ਦਵਾਈ ਦਿਉ।

### ਮੱਛੀ ਪਾਲਣ

ਮੱਛੀਆਂ ਦਾ ਉਂਗਲਕਾਰ ਬੱਚ ਤਿਆਰ ਕਰਨ ਲਈ ਸਤੰਬਰ ਵਿੱਚ ਹੈਚਰੀ ਤੋਂ ਫ਼ਰਾਈ ਜਾਂ ਸਪਾਨ ਲੈ ਕੇ ਨਰਸਰੀ ਤਲਾਅ ਵਿੱਚ ਸਟਾਕ ਕਰੋ।

500 ਗ੍ਰਾਮ ਤੋਂ ਭਾਰੀ ਮੱਛੀ ਵੱਚਣੀ ਸ਼ੁਰੂ ਕਰ ਦਿਉ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ)